# ਆਪਣੀ ਮਰਜ਼ੀ ਨਾਲ ਆਪਣੇ ਆਪ ਨੂੰ ਜੂਏਬਾਜ਼ੀ ਤੋਂ ਬਾਹਰ ਰੱਖਣਾ



GameSense

bclc
playing it right

ਜੇ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਬਹੁਤ ਜ਼ਿਆਦਾ ਜੂਏਬਾਜ਼ੀ (ਗੈਂਬਲਿੰਗ) ਕਰ ਰਹੇ ਹੋ, ਜਾਂ ਇਹ ਹੁਣ ਗੇਮ ਖੇਡਣ ਵਾਂਗ ਮਹਿਸੂਸ ਨਹੀਂ ਹੁੰਦਾ ਤਾਂ ਆਪਣੀ ਮਰਜ਼ੀ ਨਾਲ ਜੂਏਬਾਜ਼ੀ ਵਿੱਚੋਂ ਬਾਹਰ ਰਹਿਣ ਦਾ ਪ੍ਰੋਗਰਾਮ, ਤੁਹਾਡੀ ਜੂਏਬਾਜ਼ੀ ਨੂੰ ਕੰਟਰੋਲ ਕਰਨ ਵਿਚ ਮਦਦ ਕਰਨ ਲਈ ਇਕ ਮਹੱਤਵਪੂਰਨ ਪਹਿਲਾ ਕਦਮ ਹੋ ਸਕਦਾ ਹੈ।

## ਆਪਣੀ ਮਰਜ਼ੀ ਨਾਲ ਜੂਏਬਾਜ਼ੀ ਵਿੱਚੋਂ ਬਾਹਰ ਰਹਿਣ ਦਾ ਪ੍ਰੋਗਰਾਮ ਕੀ ਹੈ?

ਇਹ ਪ੍ਰੋਗਰਾਮ ਤੁਹਾਨੂੰ, ਆਪਣੀ ਮਰਜ਼ੀ ਨਾਲ ਸਲੌਟ ਮਸ਼ੀਨਾਂ ਵਾਲੇ ਸਥਾਨਾਂ, ਕਮਰਸ਼ੀਅਲ ਬਿੰਗੋ ਹਾਲਾਂ ਜਾਂ PlayNow.com ਤੋਂ, ਕੁਝ ਸਮੇਂ ਲਈ ਬਾਹਰ ਰਹਿਣ ਦੇ ਯੋਗ ਬਣਾਉਂਦਾ ਹੈ।

ਕੋਈ ਵੀ ਵਿਅਕਤੀ ਆਪਣੀ ਮਰਜ਼ੀ ਨਾਲ ਇਨ੍ਹਾਂ ਵਿੱਚੋਂ ਬਾਹਰ ਰਹਿ ਸਕਦਾ ਹੈ:

1. ਸਲੌਟ ਮਸ਼ੀਨਾਂ ਵਾਲੇ ਸਾਰੇ ਸਥਾਨਾਂ ਤੋਂ ਜਿਸ ਵਿਚ ਕਾਸੀਨੋ, ਕਮਿਊਨਟੀ ਗੇਮਿੰਗ ਸੈਂਟਰ ਅਤੇ ਰੇਸ ਟਰੈਕਾਂ ਦੀਆਂ ਸਲੌਟ ਮਸ਼ੀਨਾਂ ਵਾਲੀਆਂ ਮੰਜ਼ਲਾਂ ਸ਼ਾਮਲ ਹਨ।
2. ਕਮਰਸ਼ੀਅਲ ਬਿੰਗੋ ਹਾਲਾਂ, ਕਮਿਊਨਟੀ ਗੇਮਿੰਗ ਸੈਂਟਰਾਂ ਅਤੇ ਜੂਏਬਾਜ਼ੀ ਦੇ ਬਿੰਗੋ ਵਾਲੇ ਸਥਾਨਾਂ ਤੋਂ।
3. PlayNow.com 'ਤੇ ਜੂਏਬਾਜ਼ੀ ਕਰਨ ਤੋਂ।

ਜੇ ਤੁਸੀਂ ਜੂਏਬਾਜ਼ੀ ਵਾਲੇ ਕਿਸੇ ਸਥਾਨ ਤੋਂ ਆਪਣੀ ਮਰਜ਼ੀ ਨਾਲ ਆਪਣੇ ਆਪ ਨੂੰ ਬਾਹਰ ਰੱਖਦੇ ਹੋ ਤਾਂ ਤੁਸੀਂ ਆਪਣੇ ਬਾਹਰ ਰਹਿਣ ਦੇ ਸਮੇਂ ਤੱਕ PlayNow.com 'ਤੇ ਜੂਏਬਾਜ਼ੀ ਕਰਨ ਦੇ ਯੋਗ ਨਹੀਂ ਹੋ। ਜਦੋਂ ਆਪਣੇ ਆਪ ਨੂੰ ਬਾਹਰ ਰੱਖਣ ਦੇ ਫਾਰਮ 'ਤੇ ਦਸਤਖਤ ਹੋ ਜਾਂਦੇ ਹਨ ਤਾਂ ਮੌਜੂਦ PlayNow.com ਅਕਾਊਂਟ ਬੰਦ ਕਰ ਦਿੱਤੇ ਜਾਂਦੇ ਹਨ।

## ਆਪਣੀ ਮਰਜ਼ੀ ਨਾਲ ਜੂਏਬਾਜ਼ੀ ਵਿੱਚੋਂ ਬਾਹਰ ਰਹਿਣ ਲਈ ਮੈਂ ਸਾਈਨ ਅੱਪ ਕਿਵੇਂ ਕਰਨਾ ਹੈ?

ਸਲੌਟ ਮਸ਼ੀਨਾਂ ਵਾਲੇ ਜੂਏਬਾਜ਼ੀ ਦੇ ਸਥਾਨਾਂ ਵਿੱਚੋਂ ਆਪਣੇ ਆਪ ਨੂੰ ਬਾਹਰ ਰੱਖਣ ਲਈ ਕਿਸੇ ਕਾਸੀਨੋ ਗੇਮਸੈਂਸ ਇੰਫੋ ਸੈਂਟਰ ਵਿਚ ਜਾਉ ਅਤੇ ਗੇਮਸੈਂਸ ਸਲਾਹਕਾਰ (ਐਡਵਾਈਜ਼ਰ) ਨਾਲ ਗੱਲ ਕਰੋ ਜਾਂ ਜੂਏਬਾਜ਼ੀ ਦੇ ਕਿਸੇ ਵੀ ਸਥਾਨ ਦੇ ਕਿਸੇ ਸਟਾਫ ਮੈਂਬਰ ਤੋਂ ਪੁੱਛੋ।

ਕਿਸੇ ਕਮਰਸ਼ੀਅਲ ਬਿੰਗੋ ਹਾਲ ਤੋਂ ਆਪਣੀ ਮਰਜ਼ੀ ਨਾਲ ਬਾਹਰ ਰਹਿਣ ਲਈ ਸਟਾਫ ਦਾ ਕੋਈ ਵੀ ਮੈਂਬਰ ਤੁਹਾਨੂੰ ਢੁਕਵੇਂ ਵਿਅਕਤੀ ਕੋਲ ਭੇਜ ਸਕਦਾ ਹੈ।

PlayNow.com ਤੋਂ ਆਪਣੀ ਮਰਜ਼ੀ ਨਾਲ ਬਾਹਰ ਰਹਿਣ ਲਈ ਆਪਣੇ PlayNow.com ਅਕਾਊਂਟ ਨੂੰ ਲੌਗਇਨ ਕਰੋ ਅਤੇ "ਮਾਈ ਅਕਾਊਂਟ" ਵਾਲੇ ਭਾਗ ਵਿਚ "ਸੈਲਫ-ਐਕਸਕਲੂਜ਼ਨ" 'ਤੇ ਕਲਿੱਕ ਕਰੋ। ਸਕਰੀਨ ਤੁਹਾਨੂੰ ਆਪਣੇ ਆਪ ਨੂੰ PlayNow.com ਤੋਂ ਬਾਹਰ ਰੱਖਣ ਦੀ ਕਾਰਵਾਈ ਨੂੰ ਮੁਕੰਮਲ ਕਰਨ ਵਿਚ ਸੇਧ ਦੇਵੇਗੀ।

ਤੁਸੀਂ ਬੀ ਸੀ ਐੱਲ ਸੀ ਦੇ ਕੈਮਲੂਪਸ ਜਾਂ ਵੈਨਕੂਵਰ ਵਾਲੇ ਦਫਤਰਾਂ ਵਿਚ ਵੀ ਜਾ ਸਕਦੇ ਹੋ ਜਾਂ ਬੀ ਸੀ ਐੱਲ ਸੀ ਦੀ ਕੰਜ਼ਿਊਮਰ ਸਰਵਿਸਿਜ਼ ਨੂੰ **1-866-815-0222** 'ਤੇ ਫੋਨ ਕਰੋ।

## ਮੇਰੇ ਸਾਈਨ ਅੱਪ ਹੋਣ 'ਤੇ ਕੀ ਹੁੰਦਾ ਹੈ?

ਜੂਏਬਾਜ਼ੀ ਵਾਲੇ ਸਥਾਨਾਂ ਤੋਂ ਆਪਣੇ ਆਪ ਨੂੰ ਬਾਹਰ ਰੱਖਣ ਲਈ ਕਹਿਣ ਕਰਕੇ, ਤੁਹਾਨੂੰ ਸਕਿਊਰਟੀ ਸਟਾਫ ਦਾ ਕੋਈ ਮੈਂਬਰ ਮਿਲੇਗਾ, ਜੋ ਕਿ ਆਪਣੀ ਮਰਜ਼ੀ ਨਾਲ ਬਾਹਰ ਰਹਿਣ ਦੀ ਬੇਨਤੀ ਨੂੰ ਲਾਗੂ ਕਰਨ ਲਈ ਟਰੇਂਡ ਹੁੰਦਾ ਹੈ।

ਜਿੱਥੇ ਮੌਜੂਦ ਹੋਣ, ਗੇਮਸੈਂਸ ਸਲਾਹਕਾਰ ਵੀ ਸਾਈਨ ਅੱਪ ਦੌਰਾਨ ਤੁਹਾਡੀ ਮਦਦ ਕਰ ਸਕਦੇ ਹਨ। ਉਹ ਟਰੇਂਡ ਪੇਸ਼ਾਵਰ ਲੋਕ ਹਨ ਜੋ ਇਹ ਸਮਝਦੇ ਹੁੰਦੇ ਹਨ ਕਿ ਤੁਸੀਂ ਕਿੰਨਾ ਔਖਾ ਫੈਸਲਾ ਕਰ ਰਹੇ ਹੋ ਅਤੇ ਉਹ ਹਰ ਇਕ ਤਰੀਕੇ ਨਾਲ ਤੁਹਾਡੀ ਮਦਦ ਕਰਨਗੇ।

ਤੁਹਾਨੂੰ ਸਰਕਾਰ ਵਲੋਂ ਜਾਰੀ ਕੋਈ ਪਛਾਣ-ਪੱਤਰ ਦਿਖਾਉਣ ਲਈ ਕਿਹਾ ਜਾਵੇਗਾ ਜਿਸ ਉੱਪਰ ਤੁਹਾਡੇ ਦਸਤਖਤ ਅਤੇ ਤੁਹਾਡੀ ਤਸਵੀਰ ਹੋਵੇ। ਇਹ ਡਰਾਈਵਰ ਲਾਇਸੰਸ, ਪਾਸਪੋਰਟ, ਜਾਂ ਕੋਈ ਹੋਰ ਪਛਾਣ-ਪੱਤਰ ਹੋ ਸਕਦਾ ਹੈ। ਤੁਹਾਨੂੰ ਆਪਣੀ ਮਰਜ਼ੀ ਨਾਲ ਜੂਏਬਾਜ਼ੀ ਵਿੱਚੋਂ ਬਾਹਰ ਰਹਿਣ ਦੇ ਐਗਰੀਮੈਂਟ ਉੱਪਰ ਦਸਤਖਤ ਕਰਨ ਲਈ ਵੀ ਕਿਹਾ ਜਾਵੇਗਾ ਅਤੇ ਤੁਹਾਡੀ ਫੋਟੋ ਵੀ ਲਈ ਜਾਵੇਗੀ।

## ਆਪਣੇ ਆਪ ਨੂੰ ਆਪਣੀ ਮਰਜ਼ੀ ਨਾਲ ਜੂਏਬਾਜ਼ੀ ਤੋਂ ਬਾਹਰ ਰੱਖਣ ਤੋਂ ਬਾਅਦ ਕੀ ਹੁੰਦਾ ਹੈ?

ਜਦੋਂ ਤੁਸੀਂ ਸਾਈਨ ਅੱਪ ਹੋ ਜਾਵੋ ਤਾਂ ਤੁਹਾਡੇ ਵਲੋਂ ਦਿੱਤੀ ਗਈ ਜਾਣਕਾਰੀ, ਜੂਏਬਾਜ਼ੀ ਦੇ ਸੰਬੰਧਿਤ ਸਥਾਨਾਂ ਦੇ ਸਾਰੇ ਸਕਿਊਰਟੀ ਦਫਤਰਾਂ ਨੂੰ ਦਿੱਤੀ ਜਾਵੇਗੀ। ਅਜਿਹਾ ਇਸ ਕਰਕੇ ਕੀਤਾ ਜਾਂਦਾ ਹੈ ਤਾਂ ਜੋ ਆਪਣੇ ਵਾਅਦੇ 'ਤੇ ਕਾਇਮ ਰਹਿਣ ਵਿਚ ਤੁਹਾਡੀ ਮਦਦ ਕੀਤੀ ਜਾ ਸਕੇ।

ਜੇ ਤੁਸੀਂ ਬੀ ਸੀ-ਗੋਲਡ ਮੈਂਬਰ ਹੋਵੋ ਤਾ ਤੁਹਾਡਾ ਅਕਾਊਂਟ ਬੰਦ ਕਰ ਦਿੱਤਾ ਜਾਵੇਗਾ ਅਤੇ ਤੁਹਾਨੂੰ ਆਪਣੇ ਪੋਆਇੰਟਾਂ ਲਈ ਨਗਦੀ ਲੈਣ ਲਈ ਕਿਹਾ ਜਾਵੇਗਾ।

ਜੇ ਤੁਸੀਂ PlayNow ਤੋਂ ਬਾਹਰ ਰਹਿਣ ਦੀ ਚੋਣ ਕਰਦੇ ਹੋ ਤਾਂ ਔਨਲਾਈਨ ਫਾਰਮ ਭਰਨ ਤੋਂ ਬਾਅਦ, ਬੀ ਸੀ ਐੱਲ ਸੀ ਤੁਹਾਡਾ ਪਲੇਅਰ ਅਕਾਊਂਟ ਕੈਂਸਲ ਕਰ ਦੇਵੇਗੀ, ਤੁਹਾਡਾ ਈਵੈਲਟ ਬੰਦ ਕਰ ਦੇਵੇਗੀ ਅਤੇ ਤੁਹਾਡੀ ਪਲੇਅਰਕੈਸ਼ ਵਿਚ ਬਚਦੀ ਨਗਦੀ ਤੁਹਾਨੂੰ ਵਾਪਸ ਦੇ ਦੇਵੇਗੀ।

ਜੂਏਬਾਜ਼ੀ ਦੇ ਸਥਾਨ 'ਤੇ ਮਰਜ਼ੀ ਨਾਲ ਬਾਹਰ ਰਹਿਣ ਦੀ ਆਪਣੀ ਅਰਜ਼ੀ ਭਰਨ ਤੋਂ ਬਾਅਦ, ਤੁਹਾਨੂੰ ਇਹ ਪੁੱਛਿਆ ਜਾਵੇਗਾ ਕਿ ਕੀ ਤੁਸੀਂ ਆਪਣੀ ਜਾਣਕਾਰੀ ਕਿਸੇ ਕੌਂਸਲਰ ਨਾਲ ਸਾਂਝੀ ਕਰਨਾ ਚਾਹੁੰਦੇ ਹੋ। ਜੇ ਤੁਸੀਂ ਚਾਹੁੰਦੇ ਹੋਵੋ ਤਾਂ ਕੋਈ ਕੌਂਸਲਰ ਤੁਹਾਡੇ ਨਾਲ ਸੰਪਰਕ ਕਰੇਗਾ।

ਬੀ ਸੀ ਗੇਮਿੰਗ ਕੰਟਰੋਲ ਐਕਟ ਦੇ ਨਿਯਮਾਂ ਮੁਤਾਬਕ, ਤੁਸੀਂ ਆਪਣੀ ਮਰਜ਼ੀ ਨਾਲ ਬਾਹਰ ਰਹਿਣ ਦੇ ਸਮੇਂ ਦੌਰਾਨ ਜੂਏਬਾਜ਼ੀ ਦੇ ਸਥਾਨਾਂ 'ਤੇ ਇਨਾਮ ਜਿੱਤਣ ਦੇ ਹੱਕਦਾਰ ਨਹੀਂ ਹੁੰਦੇ।

## ਮੈਂ ਕਿੰਨੇ ਸਮੇਂ ਲਈ ਆਪਣੇ ਆਪ ਨੂੰ ਜੂਏਬਾਜ਼ੀ ਤੋਂ ਬਾਹਰ ਰੱਖ ਸਕਦਾ/ਸਕਦੀ ਹਾਂ?

ਬਾਹਰ ਰਹਿਣ ਦਾ ਸਮਾਂ ਤੁਹਾਡੀ ਮਰਜ਼ੀ 'ਤੇ ਨਿਰਭਰ ਕਰਦਾ ਹੈ। ਇਨ੍ਹਾਂ ਵਿੱਚੋਂ ਚੋਣ ਕਰੋ:

- 6 ਮਹੀਨੇ
- 1 ਸਾਲ
- 2 ਸਾਲ
- 3 ਸਾਲ

ਆਪਣੇ ਆਪ ਨੂੰ ਬਾਹਰ ਰੱਖਣਾ ਤੁਹਾਡੇ ਸਾਈਨ ਅੱਪ ਹੋਣ ਤੋਂ ਫੌਰਨ ਬਾਅਦ ਲਾਗੂ ਹੋ ਜਾਂਦਾ ਹੈ ਅਤੇ ਤੁਹਾਡੇ ਵਲੋਂ ਚੁਣੇ ਗਏ ਸਮੇਂ ਤੱਕ ਰਹਿੰਦਾ ਹੈ। ਆਪਣੀ ਮਰਜ਼ੀ ਨਾਲ ਜੂਏਬਾਜ਼ੀ ਤੋਂ ਬਾਹਰ ਰਹਿਣ ਦੇ ਫੈਸਲੇ ਨੂੰ ਬਦਲਿਆ ਨਹੀਂ ਜਾ ਸਕਦਾ।

## ਕੀ ਮੈਂ ਆਪਣੇ ਪਤੀ/ਆਪਣੀ ਪਤਨੀ ਜਾਂ ਪਰਿਵਾਰ ਦੇ ਮੈਂਬਰ ਨੂੰ ਬਾਹਰ ਰੱਖ ਸਕਦੀ/ਸਕਦਾ ਹਾਂ?

ਮੁਸ਼ਕਲ ਵਿਚਲੇ ਆਪਣੇ ਪਿਆਰੇ ਦੀ ਮਦਦ ਕਰਨ ਦੀ ਖਾਹਸ਼ ਸਮਝ ਆਉਂਦੀ ਹੈ। ਪਰ, ਸਿਰਫ ਬਾਹਰ ਰਹਿਣਾ ਚਾਹੁਣ ਵਾਲਾ ਵਿਅਕਤੀ ਹੀ ਨਾਂ ਦਰਜ ਕਰਵਾ ਸਕਦਾ ਹੈ। ਇਹ ਫੈਸਲਾ ਉਸ ਲਈ ਕੋਈ ਹੋਰ ਨਹੀਂ ਕਰ ਸਕਦਾ।

## ਜੇ ਮੈਂ ਆਪਣਾ ਵਚਨ ਤੋੜਾਂ ਤਾਂ ਕੀ ਹੁੰਦਾ ਹੈ?

ਆਪਣੇ ਆਪ ਨਾਲ ਕੀਤੇ ਵਾਅਦੇ ਦਾ ਸਤਿਕਾਰ ਕਰਨ ਦੀ ਜ਼ਿੰਮੇਵਾਰੀ ਤੁਹਾਡੀ ਹੈ। ਜੇ ਤੁਸੀਂ ਆਪਣੇ ਆਪ ਨੂੰ ਬਾਹਰ ਰੱਖਣ ਦੇ ਸਮੇਂ ਦੀ ਮਿਆਦ ਮੁੱਕਣ ਤੋਂ ਪਹਿਲਾਂ ਜੂਏਬਾਜ਼ੀ ਦੇ ਕਿਸੇ ਸਥਾਨ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਹੋ ਅਤੇ ਤੁਸੀਂ ਪਛਾਣੇ ਜਾਂਦੇ ਹੋ ਤਾਂ ਤੁਹਾਨੂੰ ਬਾਹਰ ਜਾਣ ਲਈ ਕਿਹਾ ਜਾਵੇਗਾ। ਗੇਮਿੰਗ ਕੰਟਰੋਲ ਐਕਟ ਮੁਤਾਬਕ, ਤੁਹਾਨੂੰ 5000 ਡਾਲਰ ਤੱਕ ਦਾ ਜੁਰਮਾਨਾ ਵੀ ਹੋ ਸਕਦਾ ਹੈ।

## ਮਦਦ ਮੌਜੂਦ ਹੈ

ਕੌਂਸਲਿੰਗ (ਸਲਾਹ-ਮਸ਼ਵਰੇ) ਦੀਆਂ ਸੇਵਾਵਾਂ ਮੁਫਤ ਅਤੇ ਗੁਪਤ ਹਨ। ਕੌਂਸਲਰ ਟਰੇਂਡ ਪੇਸ਼ਾਵਰ ਲੋਕ ਹੁੰਦੇ ਹਨ ਜਿਹੜੇ ਜੂਏਬਾਜ਼ੀ ਨਾਲ ਸੰਬੰਧਿਤ ਸਮੱਸਿਆਵਾਂ ਨੂੰ ਘੱਟ ਕਰਨ ਦੇ ਤਰੀਕੇ ਲੱਭਣ ਵਿਚ ਤੁਹਾਡੀ ਮਦਦ ਕਰ ਸਕਦੇ ਹਨ।

ਜਿਹੜੇ ਲੋਕ ਆਪਣੀ ਮਰਜ਼ੀ ਨਾਲ ਜੂਏਬਾਜ਼ੀ ਵਿੱਚੋਂ ਬਾਹਰ ਰਹਿਣ ਦੇ ਪ੍ਰੋਗਰਾਮ ਦੇ ਨਾਲ ਨਾਲ ਕੌਂਸਲਿੰਗ ਵਿਚ ਹਿੱਸਾ ਲੈਂਦੇ ਹਨ, ਉਨ੍ਹਾਂ ਦੀ ਆਪਣੇ ਜੂਏਬਾਜ਼ੀ ਦੇ ਵਤੀਰਿਆਂ ਨੂੰ ਕਾਮਯਾਬੀ ਨਾਲ ਮੁੜ ਕੰਟਰੋਲ ਕਰਨ ਦੀ ਸੰਭਾਵਨਾ ਕਿਤੇ ਜ਼ਿਆਦਾ ਹੁੰਦੀ ਹੈ।

ਹੋਰ ਜਾਣਕਾਰੀ ਲਈ ਪ੍ਰੌਬਲਮ ਗੈਂਬਲਿੰਗ ਹੈਲਪ ਲਾਈਨ ਨੂੰ ਫੋਨ ਕਰੋ
**1-888-795-6111.**

ਹੋਰ ਪਤਾ ਲਾਓ...

engage your GameSense.ca